## Zeitungsartikel aus Indien über den Besuch der Tanzgruppe aus Punjab bei den Happy German Bagpipers in Jade über die verschiedenen Konzerte und Erlebnissen:

# ਪੰਜਾਬ ਤੋ ਆਏ ਗਿੱਧਾ ਤੇ ਭੰਗੜਾ ਗਰੁਪ ਦੇ ਬੱਚਿਆਂ ਨੇ ਜਰਮਨੀਆਂ ਦੇ ਮਨ ਮੋਹੇ।









ਹਮਬਰਗ 12 ਜੂਨ (ਅਮਰਜੀਤ ਸਿੱਧੂ ਬੱਧਨੀ):- ਹੈਪੀ ਜ਼ਰਮਨ ਬੈਗਪਾਈਪਰ ਜਾਡੇ, ਜ਼ਰਮਨ ਦੇ ਸੱਦੇ ਤੇ ਭਾਰਤ ਤੋ ਆਏ ਸੁਸਾਇਟੀ ਫਾਰ ਪੀਸ, ਸੰਗਰੂਰ(ਪੰਜਾਬ)ਦੇ ਕਲਾਕਾਰ 3 ਜੂਨ ਤੋ ਵੱਖ ਵੱਖ ਸਕੂਲਾਂ ਵਿੱਚ ਆਪਣੀ ਕਲਾਂ ਦੇ ਜੌਹਰ ਵਿਖਾ ਕੇ ਜ਼ਰਮਨ ਵਾਸੀਆਂ ਦਾ ਮਨ ਮੋਹ ਰਹੇ ਹਨ। ਸ਼ਵਾਏਬਰਗ ਸਕੂਲ, ਓਲਡਨ ਬਰਗ ਦੇ ਓਫਨਾਤੀਕ ਸਕੂਲ ਸੈਟਰ ਵਿੱਚ ਪੰਜਾਬ ਤੋ ਆਏ ਵੱਖ ਵੱਖ ਸਕੂਲਾ ਦੇ ਬੱਚਿਆਂ ਨੇ ਇਹਨਾਂ ਸਕੂਲਾਂ ਦੇ ਕਲਾਸ ਰੂਮਾਂ ਵਿੱਚ ਜਾ ਕੇ ਦੋਹਾਂ ਦੇਸ਼ਾ ਦੇ ਸਭਿਆਚਾਰ ਅਤੇ ਸਿੱਖਿਆ ਪ੍ਣਾਲੀ ਬਾਰੇ ਜ਼ਰਮਨ ਬੱਚਿਆਂ ਨਾਲ ਗੱਲਬਾਤ ਤੇ ਵਿਚਾਰ ਵਟਾਦਰਾ ਕੀਤਾ। ਇਸ ਮੌਕੇ ਕਲਾਸਰੂਮਾਂ ਵਿੱਚ ਸਥਾਨਕ ਸਕੂਲਾਂ ਦੇ ਪ੍ਰਿਸੀਪਲਾਂ ਅਤੇ ਅਧਿਆਪਕਾਂ , ਸੁਸਾਈਟੀ ਫਾਰ ਪੀਸ ਦੇ ਜ਼ਨਰਲ ਸਕੱਤਰ ਅਤੇ ਗਰੁਪ ਦੇ ਮੁਖੀ ਯਾਦਵਿੰਦਰ ਸਿੱਧੂ, ਅਮਨਪ੍ਰੀਤ ਕੌਰ ਘੁੰਮਣ, ਜ਼ਰਮਨ ਦੇ ਅਹੁਦੇਦਾਰ ਦਰਸ਼ਨ ਘੁੰਮਣ ਅਤੇ ਮਿਸਟਰ ਪਾਉਲਟ ਵੀ ਹਾਜਰ ਸਨ। ਨਾਰਦਰਨਹਾਮ ਦੇ ਜਾਹਨਗਾਡ ਵਿੱਚ ਗਰਾਸੀਆ ਗਰੁਪ ਨਾਰਦਹਾਮ ਹੈਪੀ ਜ਼ਰਮਨ ਬੈਗਪਾਈਪਰ ਜਾਡੇ ਅਤੇ ਸੋਸਾਈਟੀ ਫਾਰ ਪੀਸ ਦੇ ਕਾਰਕੁਨਾਂ ਵੱਲੋਂ ਪ੍ਰੋਗਰਾਮ ਪੇਸ ਕੀਤਾ ਗਿਆ। ਜਿਸ ਵਿੱਚ ਜਾਡੇ ਦੇ ਬੁਰਗਾ ਮਾਸਟਰ ਸ੍ਰੀ ਹੈਨਿੰਗ ਕਾਰਲ ਨੇ ਵਿਸੇਸ ਤੌਰ ਤੇ ਸਿਰਕਤ ਕੀਤੀ। ਤਿਰੰਗੇ ਦੀ ਛਾਂ ਹੇਠ ਪੰਜਾਬੀ ਬੱਚਿਆਂ ਵੱਲੋਂ ਲੋਕ ਨਾਚ ਜਿੰਦੂਆ, ਭੰਗੜਾ ਤੇ ਗਿੱਧਾ ਪੇਸ ਕਰਕੇ ਸਾਬਤ ਕਰ ਦਿੱਤਾ ਕਿ ਪੰਜਾਬੀ ਸੰਗੀਤ ਅਤੇ ਭਾਰਤੀ ਸਾਸਤਰੀ ਨਾਚਾਂ ਦੀ ਦੁਨੀਆਂ ਵਿੱਚ ਝੰਡੀ ਹੈ। ਪ੍ਰੋਗਰਾਮ ਦੀ ਸੁਰੂਆਤ ਮੁਸਕਾਨ ਦੀ ਸਰਸਵਤੀ ਵੰਦਨਾਂ ਨਾਲ ਸੁਰੂ ਹੋ ਕੇ ਸਿੰਦਰਪਾਲ ਦੇ ਕਲਾਸੀਕਲ ਨਾਚ ਕਥਕ ਰਾਹੀਂ ਅੱਗੇ ਵਧਿਆ। ਨਵਨੀਤ ਸ਼ਰਮਾਂ ਦੇ ਰਾਜਸਥਾਨੀ ਕਾਲਾਬੇਲੀਆ ਨੇ ਹਾਲ ਨੂੰ ਤਾੜੀਆਂ ਨਾਲ ਗੂਜਣ ਲਾ ਦਿੱਤਾ। ਵਣਜ਼ਾਰਨ ਕੁੜੀਏ, ਗੀਤ ਉਪਰ ਸਿੰਦਰਪਾਲ ਦਾ ਦਿਲਕਸ ਡਾਸ਼ ਸਾਰਿਆਂ ਨੇ ਬਹੁਤ ਪਸੰਦ ਕੀਤਾ। ਅਮਨਵੀਰ ਦਾ ਪੰਜਾਬੀ ਭੰਗੜਾ, ਦੂਰ ਤੋ ਪਛਾਣ ਲਈ ਜੱਟ ਨੇ---, ਰਸ਼ਮੀਤ ਦਾ, ਬੂਹੇ ਬਾਰੀਆਂ, ਜਤਿੰਦਰਵੀਰ ਦਾ ਜੱਗਾ ਤੇ ਅਰਸ਼ਦੀਪ ਦਾ, ਤੇਰੀ ਤੋਰ ਨੇ---ਗੀਤਾਂ ਉਪਰ ਡਾਂਸ ਸਾਰਿਆ ਦਰਸਕਾਂ ਨੇ ਬਹੁਤ ਪਸੰਦ ਕੀਤਾ। ਲਵਪ੍ਰੀਤ ਦੀ ਅਗਵਾਈ ਹੇਠ ਸਮੂੰਹ ਕਲਾਕਾਰਾਂ ਵੱਲੋਂ ਗਰੁਪ ਡਾਂਸ ਜਿੰਦੂਆ ਅਤੇ ਪੰਜਾਬ ਪੇਸ ਕੀਤੇ ਗਏ।


NEETU MARWAHA
INDIAN JEWELLERS
ਵਿਆਹ ਸ਼ਾਦੀ ਦਾ ਮੌਕਾ ਹੋਵੇ, ਕੋਈ ਜਨਮ ਦਿਨ ਦਾ ਸ਼ੁੱਭ ਅਵਸਰ ਹੋਵੇ। ਗਹਿਣੇ, ਮਠਿਆਈਆਂ, ਖਾਣ ਪੀਣ ਦਾ ਸਾਰਾ ਸਮਾਨ, ਤਾਜੀਆਂ ਸਬਜ਼ੀਆਂ, ਨਵੀਆਂ ਆਡੀਓ, ਵੀਡੀਓ ਹਰ ਤਰ੍ਹਾਂ ਦੀ ਕੈਸਿਟਾਂ ਤੇ ਹੋਰ ਬਹੁਤ ਸਾਰੀਆਂ ਸ਼ੁੱਧ ਭਾਰਤੀ ਚੀਜ਼ਾਂ ਖਰੀਦਣ ਲਈ ਸਦਾ ਯਾਦ ਰੱਖੋ? ਤੁਹਾਡੀ ਆਪਣੀ ਪੁਰਾਣੀ ਤੇ ਮਸ਼ਹੂਰ ਦੁਕਾਨ ਇੰਡੀਅਨ ਕੋਰਨਰ।
ਇਸਦੇ ਮਾਲਕ
ਸੁਰਮਿੰਦਰ ਸਿੰਘ ਮਰਵਾਹਾ (ਨੀਟੂ)
ਨਾਲ ਸਪੰਰਕ ਦਾ ਪਤਾ ਹੈ।
Indian Corner
Weser Str. 11
Germany
Tel.: 0049-69-251581



ੴ SINGH is King
King Tour & Travels





Inh.: Gurdev Singh Ghotra
Möllendorf Str. 117 10367 Berlin
Tel.: +49-30-40043577
E-Mail: Gurdev_Ghotra@yahoo.de



BOBBY `s TRAVEL
New special offer to Amritsar with UZBEKISTAN air
Eur 450.00
ਖੁਸ਼ਖਬਰੀ B-T ਖੁਸ਼ਖਬਰੀ
Bobby Singh
Weser Str. 16
60329 Frankfurt / Main
Tel.: +49-69-24277700
+49-69-24007647
Fax: +49-69-24246742
E-mail: bobby@bobbys-travel.de
ਦੇਰ ਸਵੇਰ ਐਮਰਜੈਂਸੀ ਟਿਕਟਾਂ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ !